# ELECTION CELL

ਦਫਤਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਕਮ-
ਵਧੀਕ ਜ਼ਿਲ੍ਹਾ ਚੋਣਕਾਰ ਅਫਸਰ, ਬਠਿੰਡਾ

OFFICE OF THE
ADDL. DEPUTY COMMISSIONER(R.D.)Cum-
ADDL. DISTRICT ELECTORAL OFFICER, BATHINDA
Zila Parishad Complex, Bathinda)
Phone/Fax No. 0164-2241948,0164-2210736
E-mail : Adeo.bti@gmail.com


ਨੰਬਰ/ਚਸ/2025/ ੨੦੨ ਮਿਤੀ ..........

(ਅਤਿ- ਜਰੂਰੀ)

ਵੱਲ,

ਸਮੂਹ ਵਿਭਾਗਾਂ ਦੇ ਮੁੱਖੀ।
ਜਿਲ੍ਹਾਂ ਬਠਿੰਡਾ।

ਵਿਸ਼ਾ: ਜਿਲ੍ਹਾਂ ਪ੍ਰੀਸ਼ਦ ਅਤੇ ਬਲਾਕ ਸੰਮਤੀਆਂ ਦੀਆਂ ਚੋਣਾਂ - ਸੰਮੂਹ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਦਾ ਡਾਟਾ ਡਾਈਸ ਕੈਪਸੂਲ ਉਪੱਰ ਅਪਲੋਡ ਕਰਨ ਸਬੰਧੀ।

ਉਪਰੋਕਤ ਵਿਸ਼ੇ ਤੇ ਰਾਜ ਚੋਣ ਕਮਿਸ਼ਨ, ਪੰਜਾਬ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਦਸੰਬਰ ਮਹੀਨੇ ਵਿੱਚ ਜਿਲ੍ਹਾਂ ਪ੍ਰੀਸਦ ਅਤੇ ਬਲਾਕ ਸੰਮਤੀਆਂ ਦੀਆਂ ਆਮ ਚੋਣਾਂ ਕਰਵਾਉਣ ਦੀ ਤਜਵੀਜ ਹੈ। ਇਹਨਾਂ ਚੋਣਾਂ ਲਈ ਪੋਲਿੰਗ ਸਟਾਫ ਜਾਂ ਹੋਰ ਅਧਿਕਾਰੀ/ਕਰਮਚਾਰੀ ਜੋ ਕਿ ਵੱਖ-ਵੱਖ ਚੋਣ ਡਿਊਟੀਆਂ ਤੇ ਤੈਨਾਤ ਕੀਤੇ ਜਾਣੇ ਹਨ। ਇਸ ਲਈ ਇਹਨਾਂ ਅਧਿਕਾਰੀਆਂ/ ਕਰਮਚਾਰੀਆਂ ਦਾ ਡਾਟਾ ਸਮੂਹ ਵਿਭਾਗਾਂ ਦੇ ਮੁੱਖੀਆ ਵੱਲੋਂ ਜਿਲ੍ਹਾ ਚੋਣ ਅਫਸਰ, ਬਠਿੰਡਾ ਜੀ ਵੱਲੋਂ ਵਰਤੇ ਜਾ ਰਹੇ ਸਾਫਟਵੇਅਰ (ਡਾਈਟ ਕੈਪਸੂਲ) ਉਪੱਰ ਅਪਲੋਡ ਕੀਤਾ ਜਾਣਾ ਹੈ। ਸਮੂਹ ਵਿਭਾਗਾਂ ਦੇ ਮੁੱਖੀਆਂ ਵੱਲੋਂ ਇਸ ਸਬੰਧੀ ਇੱਕ ਸਰਟੀਫੀਕੇਟ ਪੇਸ਼ ਕੀਤਾ ਜਾਵੇਗਾ ਕਿ ਜੋ ਡਾਟਾ ਸਾਫਟਵੇਅਰ ਉਪਰ ਅਪਲੋਡ ਕੀਤਾ ਗਿਆ ਹੈ, ਉਹ ਸਹੀ ਹੈ ਅਤੇ ਜੇਕਰ ਬਾਅਦ ਵਿੱਚ ਕਿਸੇ ਵਿਭਾਗ ਦਾ ਡਾਟਾ ਗਲਤ ਪਾਇਆ ਗਿਆ, ਤਾਂ ਉਸਦੀ ਨਿਰੋਲ ਜਿੰਮੇਵਾਰੀ ਸਬੰਧਤ ਵਿਭਾਗ ਮੁੱਖੀ ਦੀ ਹੋਵੇਗੀ ਅਤੇ ਉਸਦੇ ਵਿਰੁੱਧ ਪੰਜਾਬ ਸਟੇਟ ਇਲੈਕਸ਼ਨ ਕਮਿਸ਼ਨ ਐਕਟ 1994 ਦੀ ਧਾਰਾ 120 ਤਹਿਤ ਅਨੁਸਾਸ਼ਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਸੋ, ਉਕਤ ਅਨੁਸਾਰ ਸਮੂਹ ਵਿਭਾਗਾਂ ਦੇ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਆਪ ਅਧੀਨ ਆਉਂਦੇ ਅਧਿਕਾਰੀਆਂ/ਕਰਮਚਾਰੀਆਂ ਦਾ ਡਾਟਾ ਡਾਈਟ ਕੈਪਸੂਲ ਸਾਫਟਵੇਅਰ ਉਪਰ ਮਿਤੀ 15.11.2025 ਤੱਕ ਅਪਲੋਡ ਕਰਨਾ ਯਕੀਨੀ ਬਣਾਉਣ ਜਾਵੇ ਅਤੇ ਇਸਦੀ ਹਾਰਡ ਕਾਪੀ, ਸਾਫਟ ਕਾਪੀ ਅਤੇ ਸਰਟੀਫੀਕੇਟ ਪੈਨ ਡਰਾਈਵ ਵਿੱਚ ਪਾ ਕੇ ਐਨ.ਆਈ.ਸੀ. ਦਫਤਰ, ਕਮਰਾ ਨੰ: 302, ਦੂਜੀ ਮੰਜਿਲ, ਮਿੰਨੀ ਸਕੱਤਰੇਤ ਵਿਖੇ ਮਿਤੀ 15.11.2025 ਤੱਕ ਜਮ੍ਹਾਂ ਕਰਵਾਉਣਾ ਯਕੀਨੀ ਬਣਾਉਣ ਲਈ ਕਿਹਾ ਗਿਆ ਜਾਵੇ। ।ਡਾਈਟ ਕੈਪਸੂਲ ਸਾਫਟਵੇਅਰ Bathinda.nic.in ਤੋਂ ਡਾਊਨਲਾਊਡ ਕੀਤਾ ਜਾ ਸਕਦਾ ਹੈ ਜਾਂ ਐਨ.ਆਈ.ਸੀ. ਦਫਤਰ, ਕਮਰਾ ਨੰ: 302, ਦੂਜੀ ਮੰਜਿਲ, ਮਿੰਨੀ ਸਕੱਤਰੇਤ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਇਸ ਸਬੰਧੀ ਕੋਈ ਵੀ ਜਾਣਕਾਰੀ ਲੈਣ ਲਈ ਐਨ.ਆਈ.ਸੀ. ਦਫਤਰ ਦੇ ਕਰਮਚਾਰੀ (ਟੈਕਨੀਕਲ ਇੰਜੀਨੀਅਰ) ਸ਼੍ਰੀ ਜਸਵਿੰਦਰ ਸਿੰਘ 92566-00063 ਨਾਲ ਤਾਲਮੇਲ ਕੀਤਾ ਜਾ ਸਕਦਾ ਹੈ।

ਨੋਟ:- ਇਸ ਸਾਫਟਵੇਅਰ ਵਿੱਚ ਦਰਜਾ-4 ਅਤੇ ਡਰਾਈਵਰਾਂ ਦਾ ਡਾਟਾ ਅਪਲੋਡ ਨਹੀਂ ਕੀਤਾ ਜਾਣਾ। ਜੋ ਕਰਮਚਾਰੀ ਫਿਜੀਕਲ ਤੌਰ ਤੇ ਅਪਾਹਜ ਹੋਣ, ਉਨ੍ਹਾਂ ਦੀ ਅਪਾਹਜ ਸਬੰਧੀ ਸਰਟੀਫੀਕੇਟ ਵਿੱਚ ਦਰਸ਼ਾਈ ਗਈ ਪ੍ਰਤੀਸ਼ਤਾ ਨਾਲ ਡਾਟਾ ਅਪਲੋਡ ਕੀਤਾ ਜਾਣਾ ਹੈ। ਇਸ ਤੋਂ ਇਲਾਵਾ ਜੋ ਅਧਿਕਾਰੀ/ਕਰਮਚਾਰੀ ਦੀ ਰਿਟਾਇਰਮੈਂਟ ਸਾਲ 2025 ਵਿੱਚ ਹੋਵੇ, ਕੋਈ ਇਸਤਰੀ ਪ੍ਰੈਗਨੈਂਟ ਹੋਵੇ, ਕੋਈ ਅਧਿਕਾਰੀ/ਕਰਮਚਾਰੀ ਲੰਬੀ ਛੁੱਟੀ ਤੇ ਵਿਦੇਸ਼ ਗਿਆ ਹੋਵੇ ਅਤੇ ਬੀ.ਐਲ.ਓ ਲੱਗਿਆ ਹੈ ਤਾਂ ਉਨ੍ਹਾਂ ਦੇ ਵਿਸ਼ੇਸ਼ ਕਥਨ ਕਾਲਮ ਸਬੰਧਿਤ ਕਾਰਨ ਦਰਜ ਕੀਤਾ ਜਾਵੇ।

ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-
ਵਧੀਕ ਜਿਲ੍ਹਾ ਚੋਣਕਾਰ ਅਫਸਰ, ਬਠਿੰਡਾ।
ਮਿਤੀ ____________.

ਪਿੱਠ ਅੰਕਣ ਨੰਬਰ ਚਸ-2025/ ____________
ਉਪਰੋਕਤ ਦਾ ਉਤਾਰਾ

ਮਾਨਯੋਗ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਚੋਣਕਾਰ ਅਫਸਰ, ਬਠਿੰਡਾ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

1. ਨੋਡਲ ਅਫਸਰ ਪ੍ਰਿੰਸੀਪਲ , ਸਰਕਾਰੀ ਬਹੁ ਤਕਨੀਕੀ ਕਾਲਜ ਨੂੰ ਜਾਣਕਾਰੀ ਹਿੱਤ।
2. ਸ਼੍ਰੀ ਦੀਪਕ ਕੁਮਾਰ ਸ਼ਰਮਾ, ਡੀ.ਆਈ.ਓ ਨੂੰ ਪਾਲਣਾ ਹਿੱਤ।
3.

—— ਸ/ਦ ——
ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-
ਵਧੀਕ ਜਿਲ੍ਹਾ ਚੋਣਕਾਰ ਅਫਸਰ, ਬਠਿੰਡਾ।

## ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ

ਪਿਠ ਅੰਕਣ ਨੰ ਜੀ-1/1 ( )2025/ 6467 ਮਿਤੀ 11-11-25

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ ਉਕਤ ਅਨੁਸਾਰ ਡਾਈਸ ਕੈਪਸੂਲ ਸਬੰਧੀ ਡਾਟਾਂ ਨਿਸ਼ਚਿਤ ਮਿਤੀ ਤੱਕ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ ।

ਜਿਲ੍ਹਾ ਸਿੱਖਿਆ ਅਫਸਰ (ਸ.ਸਿ.)
ਬਠਿੰਡਾ
11/11/25